EMPLOYMENT ONTARIO
Ontario's employment & training network

Ontario

**ਵੈੱਬ 'ਤੇ ਪਾਉਂਣ ਲਈ ਪੁਨਰ-ਨਿਰੀਖਣ**

# ਕੋ-ਔਪ ਡਿਪਲੋਮਾ ਅਪਰੈਂਟਿਸਸ਼ਿੱਪ ਪ੍ਰੋਗਰਾਮ

ਕੋ-ਔਪ ਡਿਪਲੋਮਾ ਅਪਰੈਂਟਿਸਸ਼ਿੱਪ ਪ੍ਰੋਗਰਾਮ (Co-op Diploma Apprenticeship Program) ਕਾਲਜ ਡਿਪਲੋਮਾ ਪ੍ਰੋਗਰਾਮ ਅਤੇ ਅਪਰੈਂਟਿਸਸ਼ਿੱਪ ਟਰੇਨਿੰਗ ਦੇ ਯੋਗਤਾ ਸਰਟੀਫਿਕੇਟ (Certificate of Qualification) ਤੱਕ ਪਹੁੰਚਦੇ ਪ੍ਰੋਗਰਾਮਾਂ ਨੂੰ ਇਕੱਠਿਆਂ ਕਰ ਦਿੰਦਾ ਹੈ।

ਕਾਲਜ ਦੇ ਰਾਹੀਂ ਦਾਖਲ ਹੋਣ ਵਾਲੇ ਵਿਅਕਤੀ ਡਿਪਲੋਮਾਂ ਕੋਰਸ ਅਤੇ ਸਬੰਧਤ ਹੁਨਰੀ ਟਰੇਡ 'ਚ ਅਪਰੈਂਟਿਸਸ਼ਿੱਪ ਇਨ-ਸਕੂਲ ਟਰੇਨਿੰਗ ਦੋਵੇਂ ਇਕੱਠਿਆਂ ਹੀ ਕਰ ਸਕਦੇ ਹਨ। ਪ੍ਰੋਗਰਾਮ 'ਚ ਬਿਜ਼ਨਸ ਅਤੇ ਐਂਟਰਪ੍ਰਨਿਉਰਸ਼ਿੱਪ ਕੋਰਸ ਵੀ ਸ਼ਾਮਲ ਹਨ ਜਿਹੜੇ ਦਾਖਲ ਹੋਣ ਵਾਲਿਆਂ ਨੂੰ ਉਨ੍ਹਾਂ ਦਾ ਆਪਣਾਂ ਬਿਜ਼ਨਸ ਚਲਾਉਂਣ ਤੇ ਪ੍ਰਬੰਧ ਕਰਨ ਲਈ ਤਿਆਰ ਕਰਦੇ ਹਨ। ਸ਼ਾਮਲ ਹੋਣ ਵਾਲੇ ਵਿਅਕਤੀ ਪ੍ਰੈਕਟੀਕਲ ਕੰਮ ਉਪਰ ਹੀ ਪ੍ਰੈਕਟੀਕਲ ਟਰੇਨਿੰਗ ਵੀ ਪ੍ਰਾਪਤ ਕਰਦੇ ਹਨ ਜਿਹੜੀ ਅਪਰੈਂਟਿਸਸ਼ਿੱਪ ਟਰੇਨਿੰਗ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨ ਹਿੱਤ ਮਨਜ਼ੂਰ ਕੀਤੀ ਜਾਂਦੀ ਹੈ।

## ਸ਼ਾਮਲ ਕੌਣ ਹੋ ਸਕਦਾ ਹੈ?

ਵਿਅਕਤੀ, ਜਿਹੜੇ ਕੋ-ਔਪ ਡਿਪਲੋਮਾ ਅਪਰੈਂਟਿਸਸ਼ਿੱਪ ਪ੍ਰੋਗਰਾਮ 'ਚ ਰਜਿਸਟਰ ਹੋਣਾਂ ਚਾਹੁੰਦੇ ਹੋਣ ਉਨ੍ਹਾਂ ਨੂੰ ਜ਼ਰੂਰੀ ਤੌਰ 'ਤੇ ਕਾਲਜ ਡਿਪਲੋਮਾਂ ਪ੍ਰੋਗਰਾਮ ਅਤੇ ਨਾਲ ਦੀ ਨਾਲ ਅਪਰੈਂਟਿਸਸ਼ਿੱਪ ਟਰੇਨਿੰਗ ਦੋਹਾਂ ਵਾਸਤੇ ਸਾਰੀਆਂ ਲੋੜੀਂਦੀਆਂ ਯੋਗਤਾਵਾਂ ਪੂਰੀਆਂ ਕਰਨੀਆਂ ਪੈਣਗੀਆਂ।

## ਮੈਂ ਕੋ-ਔਪ ਡਿਪਲੋਮਾ ਅਪਰੈਂਟਿਸਸ਼ਿੱਪ ਪ੍ਰੋਗਰਾਮ ਤੱਕ ਪਹੁੰਚ ਕਿਵੇਂ ਕਰ ਸਕਦਾ/ਸਕਦੀ ਹਾਂ?

ਸ਼ਾਮਲ ਹੋਣ ਵਾਲੇ ਕਾਲਜ ਕੋ-ਔਪ ਡਿਪਲੋਮਾ ਅਪਰੈਂਟਿਸਸ਼ਿੱਪ ਪ੍ਰੋਗਰਾਮ ਦਾ ਆਪਣੇ ਪ੍ਰੋਗਰਾਮ ਬਰੋਸ਼ਰਾਂ ਅਤੇ ਆਪਣੇ ਵੈਬਸਾਈਟ 'ਤੇ ਇਸ਼ਤਿਹਾਰ ਦਿੰਦੇ ਹਨ। ਚਾਹਵਾਨ ਵਿਅਕਤੀ ਕਾਲਜ ਰਾਹੀਂ ਪ੍ਰੋਗਰਾਮ ਲਈ ਅਰਜ਼ੀ ਦਿੰਦੇ ਹਨ। ਵਿਅਕਤੀ ਸਥਾਨਕ ਪੇਸ਼ਕਸ਼ਾਂ ਵਾਸਤੇ ਜਾਣਨ ਲਈ ਮਿਨਿਸਟਰੀ ਨਾਲ ਵੀ ਸੰਪਰਕ ਕਰ ਸਕਦੇ ਹਨ।

***ਵਧੇਰੇ ਜਾਣਕਾਰੀ ਲਈ:***

1-800-387-5656
(416) 326-5656 (ਟੋਰਾਂਟੋ)

www.ontario.ca/employmentontario

ISBN 1-4249-2453-7